ਵੱਲੋਂ

ਵਧੀਕ ਡਾਇਰੈਕਟਰ ਜਨਰਲ ਪੁਲਿਸ,
ਆਰਮਡ ਬਟਾਲੀਅਨਜ਼, ਜਲੰਧਰ ।

ਵੱਲ,

ਏ.ਡੀ.ਜੀ.ਪੀ., ਜੀ.ਆਰ.ਪੀ, ਪਟਿਆਲਾ।
ਸਮੂਹ ਕਮਿਸ਼ਨਰਜ਼ ਪੁਲਿਸ,
ਸਮੂਹ ਸੀਨੀਅਰ ਕਪਤਾਨ ਪੁਲਿਸ, ਪੰਜਾਬ।
ਸਮੂਹ ਕਮਾਂਡੈਂਟਸ, ਆਰਮਡ ਬਟਾਲੀਅਨਜ਼।

ਨੰਬਰ **21294-395** ਸੀਬੀ-ਐਸਏ-1 ਮਿਤੀ **02-10-2018**

ਵਿਸ਼ਾ:- Tentative Seniority List of Assistant Sub-Inspectors, Sub-Inspectors & Inspectors (Armed Cadre & District Cadre) after the enachment of Punjab Police Act-2007 i.e 19.02.2008.

ਯਾਦ-ਪੱਤਰ

ਹਵਾਲਾ ਇਸ ਦਫ਼ਤਰ ਦੇ ਪੱਤਰ ਨੰਬਰ 18301-18402/ਸੀਬੀ-ਐਸਏ-1 ਮਿਤੀ 06-09-2018, 18738-837/ਸੀਬੀ-ਐਸਏ-1 ਮਿਤੀ 12-09-2018, 18947-19046/ਸੀਬੀ-ਐਸਏ-2 ਮਿਤੀ 13-09-2018, ਯਾਦ-ਦਿਹਾਨੀ ਪੱਤਰ 20083-100/ਸੀਬੀ-ਐਸਏ-1 ਮਿਤੀ 24-09-2018, 21021-120/ਸੀਬੀ-ਐਸਏ-1 ਮਿਤੀ 28-09-2018 ਅਤੇ ਮਾਨਯੋਗ ਡੀ.ਜੀ.ਪੀ ਪੰਜਾਬ, ਚੰਡੀਗੜ੍ਹ ਜੀ ਦੇ ਦਫ਼ਤਰ ਦੇ ਯਾਦ-ਪੱਤਰ ਨੰਬਰ 12677/ਈ-1 (3) ਮਿਤੀ 01-10-2018, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਇਸ ਸਬੰਧ ਵਿੱਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ ਪੰਜਾਬ, ਚੰਡੀਗੜ੍ਹ ਜੀ ਨੇ ਆਪਣੇ ਦਫ਼ਤਰ ਦੇ ਪੱਤਰ ਨੰਬਰ 12677/ਈ-1 (3) ਮਿਤੀ 01-10-2018 ਰਾਹੀਂ ਸਪੱਸ਼ਟ ਕੀਤਾ ਹੈ ਕਿ, "It is intimated that the standing order No. 7/2010 has already been withdrawn vide this office order No. 11713-812/E-1 (3) dated 29.08.2012, the procedure for promotion to the rank of ASI and SI may be followed as the system established prior to the Standing Order." ਇਸ ਲਈ ਕਰਮਚਾਰੀਆਂ ਦੀ ਪ੍ਰਪੋਜ਼ਡ ਰਿਵਾਇਜ਼ਡ ਤਰੱਕੀ ਮਿਤੀਆਂ ਲਈ ਯੋਗਤਾ ਚੈੱਕ ਕਰਨ ਲਈ ਉਕਤ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਉਕਤ ਤੋਂ ਇਲਾਵਾ ਆਪ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਵਲੋਂ ਹਵਾਲਾ ਅਧੀਨ ਪੱਤਰਾਂ ਰਾਹੀਂ ਇੰਸਪੈਕਟਰ/ਸਬ-ਇੰਸਪੈਕਟਰ/ਸਹਾਇਕ ਸਬ-ਇੰਸਪੈਕਟਰ ਰੈਂਕ ਵਿੱਚ ਜਾਰੀ ਕੀਤੀਆਂ ਟੈਂਟੇਟਿਵ ਸੀਨੀਆਰਤਾ ਸੂਚੀਆਂ ਵਿੱਚ ਦਰਸਾਏ ਕਾਫ਼ੀ ਕਰਮਚਾਰੀਆਂ ਦੀ ਰਿਵਾਇਜ਼ਡ ਪ੍ਰਪੋਜ਼ਡ ਤਰੱਕੀ ਮਿਤੀਆਂ ਸਬੰਧੀ ਯੋਗਤਾ ਬਾਰੇ ਸੂਚਨਾ ਅਜੇ ਤੱਕ ਇਸ ਦਫ਼ਤਰ ਵਿਖੇ ਪ੍ਰਾਪਤ ਨਹੀਂ ਹੋਈ ਹੈ। ਉਕਤ ਕਰਮਚਾਰੀਆਂ (ਇੰਸਪੈਕਟਰ/372, ਐਸ.ਆਈ/790 ਅਤੇ ਏ.ਐਸ.ਆਈ/1443) ਦੀ ਬਟਾਲੀਅਨ/ਜਿਲ੍ਹਾ/ਯੂਨਿਟ/ਰੇਂਜ ਵਾਈਜ ਲਿਸਟ ਪੰਜਾਬ ਆਰਮਡ ਪੁਲਿਸ ਦੀ ਵੈੱਬਸਾਈਟ ***www.punjabarmedpolice.co.in*** ਪਰ ਰੱਖੀ ਗਈ ਹੈ।ਇਸ ਲਈ ਇਸ ਸਬੰਧੀ ਲੋੜੀਂਦਾ ਜਵਾਬ ਮਿਤੀ 03-10-2018 ਤੱਕ ਇਸ ਦਫ਼ਤਰ ਵਿਖੇ ਭੇਜਣ ਦੀ ਖੇਚਲ ਕੀਤੀ ਜਾਵੇ।

ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ ਜੀ।

**ਸਹੀ**/-
ਵਾਸਤੇ ਵਧੀਕ ਡਾਇਰੈਕਟਰ ਜਨਰਲ ਪੁਲਿਸ,
ਆਰਮਡ ਬਟਾਲੀਅਨਜ਼, ਜਲੰਧਰ।